ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:..2001...ਸ.1/ਕਾਲਜ
ਮਿਤੀ: ..15/7/25........

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨ ਨੂੰ
(ਜਿੰਨਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਛੱਡ ਕੇ)

ਵਿਸ਼ਾ : ਸੈਸ਼ਨ 2025-26 ਦੌਰਾਨ ਅੰਡਰ-ਗ੍ਰੈਜੂਏਟ ਕੋਰਸਾਂ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾ ਵਿੱਚ ਰੀ-ਅਪੀਅਰ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹਦਾਇਤਾਂ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਵੱਲੋਂ ਕਰਵਾਈ ਗਈ ਇਕੱਤਰਤਾ ਦੀਆਂ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਿਤਾ ਸਿਫ਼ਾਰਸ਼ਾਂ ਦੀ ਲੋਅ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਬਾਰਵੀਂ ਜਮਾਤ ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਦੇ ਸੈਸ਼ਨ 2025-26 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ ਭਾਗ ਪਹਿਲਾਂ ਵਿੱਚ ਦਾਖਲਿਆਂ ਤੇ ਪੂਰਨ ਤੌਰ ਤੇ ਰੋਕ ਲਗਾਈ ਜਾਂਦੀ ਹੈ।

ਪੀ.ਜੀ. ਕੋਰਸਾਂ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਰਜਿਸਟਡਰ ਉਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ ਜਿਹੜੇ ਵਿਦਿਆਰਥੀਆਂ ਦੇ ਕੇਵਲ ਛੇਵੇਂ ਸਮੈਸਟਰ ਵਿੱਚ ਹੀ ਰੀ-ਅਪੀਅਰ ਹੈ ਜਾਂ ਪੰਜਾਬੀ ਯੂਨੀਵਰਸਿਟੀ ਵੱਲੋਂ ਛੇਵੇਂ ਸਮੈਸਟਰ ਦਾ ਨਤੀਜਾ ਘੋਸ਼ਿਤ ਨਾ ਕੀਤਾ ਹੋਵੇ। ਇਹ ਦਾਖਲਾ ਆਰਜ਼ੀ ਹੋਵੇਗਾ ਅਤੇ ਵਿਦਿਆਰਥੀ ਵੱਲੋਂ ਤੀਸਰੇ ਸਮੈਸਟਰ ਦੀ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਆਪਣਾ ਨਤੀਜਾ ਕਾਲਜ ਅਤੇ ਰਜਿਸਟ੍ਰੇਸ਼ਨ ਬ੍ਰਾਂਚ ਨੂੰ ਨਹੀਂ ਦਿੱਤਾ ਜਾਂਦਾ ਹੈ ਤਾਂ ਉਸਦਾ ਦਾਖਲਾ ਰੱਦ ਮੰਨ ਲਿਆ ਜਾਵੇ ਅਤੇ ਸਾਰੇ ਕਾਲਜ ਇਸਨੂੰ ਯਕੀਨੀ ਬਣਾਉਂਦੇ ਹੋਏ ਵਿਦਿਆਰਥੀ ਨੂੰ ਤੀਜੇ ਸਮੈਸਟਰ ਵਿੱਚ ਦਾਖਲਾ ਨਹੀਂ ਦੇਣਗੇ।

ਜਿਹੜੇ ਵਿਦਿਆਰਥੀ ਦੇ ਯੂ.ਜੀ. ਕੋਰਸਾਂ (ਬੀ.ਏ. ਬੀ.ਸੀ.ਏ. ਆਦਿ) ਵਿੱਚ ਕਿਸੇ ਵੀ ਸਮੈਸਟਰ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਵੀ ਰੀ-ਅਪੀਅਰ ਹੋਵੇਗੀ ਉਨ੍ਹਾਂ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਤੋਂ ਬਾਅਦ ਹੋਣ ਵਾਲੇ ਕਿਸੇ ਵੀ ਪ੍ਰੋਫੈਸ਼ਨਲ ਕੋਰਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇ (ਜਿਵੇਂ ਕਿ ਬੀ.ਐਡ. ਲਾਅ, ਬੀ.ਲਿਬ ਆਦਿ)।

15/07/25

ਡੀਨ, ਕਾਲਜ ਵਿਕਾਸ ਕੌਂਸਲ